ਦਾਖਲਾ ਪ੍ਰਕ੍ਰਿਆ ਸ਼ੁਰੂ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਹੇਠ ਲਿਖੀਆਂ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ:-

**1. ਡੀ.ਐੱਲ.ਐਡ. ਸੈਸ਼ਨ 2017-19 ਦੇ ਵਿਦਿਆਰਥੀਆਂ ਲਈ ਹੇਠ ਲਿਖੀਆਂ ਗਾਈਡ ਲਾਈਨਜ਼ ਹਨ:-**

- ਜੇਕਰ ਵਿਦਿਆਰਥੀ ਨੇ ਕਿਸੇ ਪ੍ਰਕਾਰ ਦੀ ਸਹਾਇਤਾ ਲੈਣੀ ਹੋਵੇ ਤਾਂ ਉਹ ਹੈਲਪਲਾਇਨ ਨੰ:01722212221, ਤੇ ਸੰਪਰਕ ਕਰ ਸਕਦਾ ਹੈ।
- ਰਿਜਲਟ ਮੈਰਿਟ ਦੇ ਆਧਾਰ ਤੇ ਅਤੇ ਵਿਦਿਆਰਥੀਆਂ ਵੱਲੋਂ ਦਿੱਤੇ ਗਏ ਆਪਸ਼ਨ ਤੇ ਆਧਾਰ ਤੇ ਤਿਆਰ ਕੀਤਾ ਜਾਵੇਗਾ।

ੳ. ਵਿਦਿਆਰਥੀ ਨੂੰ ਪਹਿਲੀ ਕਾਉਂਸਲਿੰਗ ਵਿੱਚ ਜੋ ਸੀਟ ਅਲਾਟ ਹੁੰਦੀ ਹੈ, ਅਲਾਟ ਹੋਈ ਸੀਟ ਨੂੰ ਪੱਕੀ ਕਰਨ ਲਈ ਅਲਾਟ ਹੋਏ ਸਟੇਸ਼ਨ ਤੇ ਆਪਣੇ ਸਰਟੀਫਿਕੇਟ ਚੈੱਕ ਕਰਵਾਉਣ ਉਪਰੰਤ ਆਫਰ ਲੈਟਰ ਪ੍ਰਾਪਤ ਕਰਨ ਤੋਂ ਬਾਅਦ 5000/- ਫੀਸ ਬਤੌਰ ਟੋਕਨ ਮਨੀ ਤੁਰੰਤ ਜਮ੍ਹਾਂ ਕਰਵਾਏਗਾ ਅਤੇ ਬਾਕੀ ਦੀ ਰਹਿੰਦੀ ਫੀਸ 3 ਦਿਨਾਂ ਦੇ ਅੰਦਰ-ਅੰਦਰ ਸਬੰਧਤ ਇਨਸੀਚਿਊਟ ਵਿੱਚ ਜਮ੍ਹਾਂ ਕਰਵਾਏਗਾ।

ਅ. ਜਿਹੜੇ ਵਿਦਿਆਰਥੀਆਂ ਨੂੰ ਪਹਿਲੀ ਕਾਉਂਸਲਿੰਗ ਵਿੱਚ ਉਨ੍ਹਾਂ ਵੱਲੋਂ ਭਰੀ ਗਈ ਆਪਸ਼ਨ ਅਨੁਸਾਰ ਸੀਟ ਉਪਲੱਬਧ ਨਹੀਂ ਹੁੰਦੀ ਉਨ੍ਹਾਂ ਨੂੰ ਦੂਜੀ ਕਾਉਂਸਲਿੰਗ ਵਿੱਚ ਖਾਲੀ ਰਹਿੰਦੀਆਂ ਸੀਟਾਂ ਲਈ ਵਿਚਾਰਿਆ ਜਾਵੇਗਾ।

**2. ਡੀ.ਐੱਲ.ਐਡ. ਸੈਸ਼ਨ 2017-19 ਦੀਆਂ ਸੰਸਥਾਵਾਂ ਲਈ ਹੇਠ ਲਿਖੀਆਂ ਗਾਈਡ ਲਾਈਨਜ਼ ਹਨ:-**

ੳ.

- ਆਨਲਾਈਨ ਕਾਉਂਸਲਿੰਗ ਦੌਰਾਨ ਸੰਸਥਾਵਾਂ 9.00 ਵਜੇ ਤੋਂ 5.00 ਵਜੇ ਤੱਕ ਖੁੱਲੀਆਂ ਰਹਿਣਗੀਆਂ।
- ਹਰੇਕ ਸੰਸਥਾ ਦੀ ਜ਼ਿੰਮੇਵਾਰੀ ਹੋਵੇਗੀ ਕਿ ਵਿਦਿਆਰਥੀ ਦੀ ਮੈਰਿਟ, ਕੈਟਾਗਰੀ, ਸਟਰੀਅਮ, ਬਾਰਵੀਂ ਦੇ ਨੰਬਰ ਚੰਗੀ ਤਰ੍ਹਾਂ ਚੈੱਕ ਕਰ ਲਏ ਜਾਣ।
- ਵਿਦਿਆਰਥੀ ਦੇ ਦੱਸਵੀਂ ਦੇ ਹਰ ਵਿਸ਼ੇ ਵਿੱਚੋਂ ਪਾਸ ਹੋਣਾ ਦਾਖਲੇ ਲਈ ਲਾਜ਼ਮੀ ਹੈ। ਵਿਦਿਆਰਥੀ ਦੇ ਦੱਸਵੀਂ ਦਾ ਸਰਟੀਫਿਕੇਟ ਚੰਗੀ ਤਰ੍ਹਾ ਚੈੱਕ ਕੀਤਾ ਜਾਵੇ ਅਤੇ ਜੇਕਰ ਕੋਈ ਉਣਤਾਈ ਪਾਈ ਜਾਂਦੀ ਹੈ ਉਸ ਲਈ ਸੰਸਥਾ ਦਾ ਮੁੱਖੀ ਅਤੇ ਕਮੇਟੀ ਦੋਨੋ ਜ਼ਿੰਮੇਵਾਰ ਹੋਣਗੇ।
- ਵਿਦਿਆਰਥੀ ਦੁਆਰਾ ਆਨਲਾਈਨ ਭਰੇ ਗਏ ਵੇਰਵੇ ਅਸਲ ਸਰਟੀਫਿਕੇਟਾਂ ਨਾਲ ਮਿਲਾਣ ਕਰ ਲਿਆ ਜਾਵੇ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਿਹੜੀ ਪ੍ਰਤੀਸ਼ਤਤਾ ਉਸ ਨੇ ਆਨਲਾਈਨ ਦੱਸਵੀਂ ਅਤੇ ਬਾਰਵੀਂ ਦੀ ਭਰੀ ਹੈ ਉਹ ਅਸਲ ਸਰਟੀਫਿਕੇਟਾਂ ਨਾਲ ਮੇਲ ਖਾਂਦੀ ਹੈ।
- ਵਿਦਿਆਰਥੀ ਵੱਲੋਂ ਆਨਲਾਈਨ ਭਰੇ ਗਏ ਵੇਰਵੇ ਜਿਵੇ ਕਿ ਨਾਂ, ਫੋਨ ਨੰ:, ਪਤੇ ਵਿੱਚ ਕੋਈ ਗਲਤੀ ਹੋਣ ਦੀ ਸੂਰਤ ਵਿੱਚ ਉਸ ਦੇ ਦਾਖਲੇ ਨੂੰ ਅਣਦੇਖਿਆ ਨਾ ਕੀਤਾ ਜਾਵੇ।
- ਸੰਸਥਾ ਜਿਨ੍ਹਾਂ ਵਿਦਿਆਰਥੀਆਂ ਦਾ ਦਾਖਲਾ ਕਰਦੀ ਹੈ ਉਨ੍ਹਾਂ ਵਿਦਿਆਰਥੀਆਂ ਦੀ ਸੂਚਨਾ ਇਸ ਦਫ਼ਤਰ ਨੂੰ directorscert@yahoo.in ਤੇ ਈ.ਮੇਲ. ਕਰਨਗੇ।

- ਸੰਸਥਾ ਵਿਦਿਆਰਥੀ ਦੁਆਰਾ ਆਨਲਾਈਨ ਐਪਲੀਕੇਸ਼ਨ ਫੀਸ 600/- ਰੁਪਏ ਜਨਰਲ ਕੈਟਾਗਰੀ ਲਈ ਅਤੇ ਰਿਜਰਵ ਕੈਟਾਗਰੀ ਦੇ 300/-ਰੁਪਏ ਫੀਸ ਚੈੱਕ ਕਰਨਾ ਵੀ ਯਕੀਨੀ ਬਣਾਉਣ।

ਅ. ਦਸਤਾਵੇਜਾਂ ਦੀ ਵੈਰੀਫਿਕੇਸ਼ਨ ਕਰਨ ਸਬੰਧੀ

ਹਰੇਕ ਸੰਸਥਾ ਆਪਣੇ ਵਿਦਿਆਰਥੀਆਂ ਦੇ ਹੇਠ ਲਿਖੇ ਦਸਤਾਵੇਜ਼ਾਂ ਨੂੰ ਚੈੱਕ ਕਰਨਗੀਆਂ:-

- ਡੀ.ਐੱਮ.ਸੀ. ਦੱਸਵੀਂ (ਸਾਰੇ ਵਿਸ਼ਿਆਂ ਦਾ ਪਾਸ ਹੋਣਾ ਜ਼ਰੂਰੀ ਹੈ) ਅਤੇ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ।
- ਡੀ.ਐੱਮ.ਸੀ. ਬਾਰਵੀਂ
- ਕਰੈਕਟਰ ਸਰਟੀਫਿਕੇਟ
- ਰਿਜੇਰਵੇਸ਼ਨ ਕੈਟਾਗਰੀ ਸਰਟੀਫਿਕੇਟ
- ਹੋਰ ਲੋੜੀਂਦੇ ਸਰਟੀਫਿਕੇਟ

ੲ. ਹਰੇਕ ਸੰਸਥਾ ਦੀ ਇਹ ਜ਼ਿੰਮੇਵਾਰੀ ਹੈ ਕਿ ਨੋਟੀਫਿਕੇਸ਼ਨ ਪਾਲਿਸੀ ਨੰ: 11/4/2012-5ਸਿ7/966226 ਮਿਤੀ 28.4.2017 ਅਨੁਸਾਰ ਵਿਦਿਆਰਥੀਆਂ ਦਾ ਦਾਖਲਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਵਿਦਿਆਰਥੀ ਯੋਗਤਾ ਅਨੁਸਾਰ ਠੀਕ ਪਾਇਆ ਜਾਂਦਾ ਹੈ ਤਾਂ ਸੰਸਥਾ ਉਸਦੀ ਐਪਲੀਕੇਸ਼ਨ ਦੀ ਹਾਰਡ ਕਾਪੀ, ਆਫਰ ਲੈਟਰ ਨਾਲ ਸਰਟੀਫਿਕੇਟਾਂ ਦੀਆਂ ਕਾਪੀਆਂ ਅਤੇ ਫੀਸ ਦੀ ਕਾਪੀ ਆਪਣੇ ਰਿਕਾਰਡ ਵਿੱਚ ਮੇਨਟੇਨ ਕਰਨਗੇ।

ਸ. ਕਿਸੇ ਵੀ ਤਰ੍ਹਾਂ ਦੇ ਦਸਤਾਵੇਜ ਵਿੱਚ ਪਾਈ ਗਈ ਗਲਤੀ ਦੀ ਨਿਰੋਲ ਜ਼ਿੰਮੇਵਾਰੀ ਸਬੰਧਤ ਸੰਸਥਾ ਦੀ ਹੋਵੇਗੀ। ਸੰਸਥਾ ਵਿਦਿਆਰਥੀਆਂ ਵੱਲੋਂ ਕਲੇਮ ਕੀਤੇ ਗਏ ਯੋਗਤਾ, ਪ੍ਰਤੀਸ਼ਤ ਅੰਕ, ਉਮਰ, ਰਿਜਰਵ ਕੈਟਾਗਰੀ ਆਦਿ ਵਿੱਚ ਪਾਈ ਗਈ ਕਿਸੇ ਵੀ ਤਰ੍ਹਾਂ ਦੀ ਉਣਤਾਈ ਲਈ ਜ਼ਿੰਮੇਵਾਰ ਹੋਣਗੇ। ਉਕਤ ਅਨੁਸਾਰ ਕਿਸੇ ਵੀ ਤਰ੍ਹਾਂ ਦੀ ਉਣਤਾਈ ਜਾਂ ਗਲਤੀ ਪਾਈ ਜਾਣ ਤੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ ਅਤੇ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਟੋਕਨ ਮਨੀ ਵਿੱਚੋਂ 4000/- ਰੁਪਏ ਹੀ ਵਾਪਿਸ ਕੀਤੇ ਜਾਣਗੇ। ਇਹ ਰੀਫੰਡ ਸਬੰਧਤ ਸੰਸਥਾ ਕੋਲ ਜਮ੍ਹਾਂ ਕਰਵਾਈ ਗਈ ਰਕਮ ਵਿੱਚੋਂ ਸੰਸਥਾ ਦੁਆਰਾ ਹੀ ਕੀਤਾ ਜਾਵੇਗਾ।

ਹ. ਜਿਹੜੀ ਸੰਸਥਾ ਵਿਦਿਆਰਥੀ ਨੂੰ ਪਹਿਲੀ ਕਾਉਂਸਲਿੰਗ ਵਿੱਚ ਸੀਟ ਅਲਾਟ ਕਰਦੀ ਹੈ, ਅਲਾਟ ਹੋਈ ਸੀਟ ਨੂੰ ਪੱਕੀ ਕਰਨ ਲਈ ਉਹ ਸੰਸਥਾ ਵਿਦਿਆਰਥੀ ਦੇ ਸਰਟੀਫਿਕੇਟ ਚੈੱਕ ਕਰਨ ਉਪਰੰਤ ਆਫਰ ਲੈਟਰ ਜਾਰੀ ਕਰੇਗੀ। ਇਸ ਉਪਰੰਤ ਵਿਦਿਆਰਥੀ ਤੋਂ 5000/- ਫੀਸ ਬਤੌਰ ਟੋਕਨ ਮਨੀ ਤੁਰੰਤ ਪ੍ਰਾਪਤ ਕਰੇਗੀ ਅਤੇ ਬਾਕੀ ਦੀ ਰਹਿੰਦੀ ਫੀਸ 3 ਦਿਨਾਂ ਦੇ ਅੰਦਰ-ਅੰਦਰ ਵਿਦਿਆਰਥੀ ਕੋਲੋਂ ਸਬੰਧਤ ਸੰਸਥਾ ਦੁਆਰਾ ਲਈ ਜਾਵੇਗੀ।

3. **ਵਿਦਿਆਰਥੀਆਂ ਦਾ ਦਾਖਲਾ**

- ਸੰਸਥਾ ਦੁਆਰਾ ਦਾਖਲਾ ਦੇਣ ਉਪਰੰਤ ਵਿਦਿਆਰਥੀ ਕੋਲੋਂ ਐਪਲੀਕੇਸ਼ਨ ਦੀ ਹਾਰਡ ਕਾਪੀ ਅਸਲ ਆਫਰ ਲੈਟਰ ਅਤੇ ਤਸਦੀਕ ਕੀਤੇ ਸਰਟੀਫਿਕੇਟਾਂ ਦੀ ਕਾਪੀ ਆਪਣੇ ਰਿਕਾਰਡ ਵਿੱਚ ਰੱਖੇਗਾ।
- ਸੰਸਥਾ ਜਿਸ ਵਿਦਿਆਰਥੀ ਨੂੰ ਆਨਲਾਈਨ ਮੈਰਿਟ ਦੇ ਬੇਸ ਤੇ ਸੀਟ ਅਲਾਟ ਹੁੰਦੀ ਹੈ ਉਸ ਦੇ ਦਾਖਲੇ ਨੂੰ ਇੰਨਕਾਰ ਨਹੀਂ ਸਕਦੀ। ਜੇਕਰ ਕੋਈ ਸੰਸਥਾ ਉਸ ਵਿਦਿਆਰਥੀ ਨੂੰ ਦਾਖਿਲ ਨਹੀਂ ਕਰਦੀ ਤਾਂ ਕੋਈ ਵੀ ਕਾਨੂੰਨੀ ਉਲਝਣ ਲਈ ਉਹ ਸੰਸਥਾ ਜ਼ਿੰਮੇਵਾਰ ਹੋਵੇਗੀ ਨਾ ਕਿ ਐਸ.ਸੀ.ਈ.ਆਰ.ਟੀ.।

4. **ਵੈਬਸਾਇਟ ਤੇ ਆਨਲਾਈਨ ਵੈਰੀਫਿਕੇਸ਼ਨ**

- ਸਾਰੀਆਂ ਸੰਸਥਾਵਾਂ ਦਾਖਿਲ ਹੋਏ ਵਿਦਿਆਰਥੀਆਂ ਦੀ ਰਿਪੋਰਟ ਵੈਬ ਸਾਇਟ ਤੇ ਪਾਉਣਾ ਯਕੀਨੀ ਬਣਾਉਣਗੇ। ਜੇਕਰ ਉਹ ਇਸ ਤਰ੍ਹਾਂ ਨਹੀਂ ਕਰਦੀਆਂ ਤਾ ਉਨ੍ਹਾਂ ਦੀਆਂ ਸੀਟਾਂ ਖਾਲੀ ਦਿਖਣਗੀਆਂ ਅਤੇ ਦੂਸਰੇ ਵਿਦਿਆਰਥੀਆਂ ਨੂੰ ਉਹ ਸੀਟ ਅਲਾਟ ਹੋ ਸਕਦੀ ਹੈ। ਇਸ ਤਰ੍ਹਾਂ ਦੇ ਅਣਗਿਹਲੀ ਦੀ ਨਿਰੋਲ ਜ਼ਿੰਮੇਵਾਰੀ ਸੰਸਥਾ ਦੀ ਹੋਵੇਗੀ।

5. **ਵੈਬ ਸਾਇਟ ਤੇ ਮੇਲ ਬਾਕਸ ਚੈੱਕ ਕਰਨਾ**

- ਸਾਰੀਆਂ ਸੰਸਥਾਵਾਂ ਆਪਣਾ ਮੇਲ ਬਾਕਸ ਵੈਬ ਸਾਇਟ ਤੇ ਈ.ਮੇਲ. ਐਸ.ਐਮ.ਐਸ ਆਦਿ ਚੈੱਕ ਕਰਨਗੀਆਂ ਦਿੱਕਤਾ ਆਦਿ ਚੈੱਕ ਕਰਨਗੇ ਅਤੇ ਵਿਦਿਆਰਥੀਆਂ ਦੁਆਰਾ ਕਿਸੇ ਵੀ ਤਰ੍ਹਾਂ ਦੀ ਔਕੜ ਦੱਸਣ ਤੇ ਉਸਦਾ ਹੱਲ ਕਰਨਾ ਯਕੀਨੀ ਬਣਾਉਣਗੇ।
- ਕਿਸੇ ਵੀ ਤਰ੍ਹਾਂ ਦੀ ਇੰਨਕੁਆਰੀ ਲਈ ਸੰਸਥਾ ਦੁਆਰ 0172-2212221 ਨੰਬਰ ਤੇ ਸੰਪਰਕ ਕੀਤਾ ਜਾਵੇ।